ਨੌਰੰਗ-ਕਲੀਆਂ

ਸੂਚੀ–ਪੱਤਰ

		ਸਫਾ
ਐਡੀਟਰ	ਡਰਾਮਾ	੭
ਨਕ ਰਹਿ ਗਿਆ	ਲੇਖ	੨੩
ਬੁਢੇ ਦਾ ਵਿਆਹ	ਡਰਾਮਾ	੩੧
ਸਹਾਰਨੀ ਅੰਬ	ਕਹਾਣੀ	੪੫
ਪੜ੍ਹਾਕੂ ਵਹੁਟੀ	ਡਰਾਮਾ	੫੯
ਮੂੰਹ ਕਾਲਾ ਨੀਲੇ ਪੈਰ	ਲੇਖ	੬੭
ਦੇਵਰ	ਡਰਾਮਾ	੭੩
ਨਕਲਰਾਜ	ਲੇਖ	੮੫
ਸਮਾਜ ਦਾ ਜ਼ੁਲਮ	ਕਹਾਣੀ	੯੩

ਮੁਲ ਛੇ ਆਨੇ Price —/ 6 /—

ਜਾਣ–ਪਛਾਣ

ਵਲੋਂ–ਸ੍ਰੀ ਮਾਨ ਗਿ: ਬਲਵੰਤ ਸਿੰਘ ਜੀ 'ਚਤਰਥ'
ਬੀ ਏ. ਬੀ ਟੀ. ਸਯਦ

ਜ਼ਿੰਦਗੀ ਦੇ ਪ੍ਰਛਾਵੇਂ ਦਾ ਨਾਮ ਸਾਹਿੱਤ ਹੈ, ਚਾਹੇ ਉਹ ਹਿਰਦੇ ਅੰਦਰ ਹੀ ਘੁੰਮਦਾ ਰਹੇ ਜਾਂ ਅਖਾਂ ਵਿਚ ਆ ਕੇ ਝਾਂ ਝਾਂ ਬਿਲੀਆਂ ਕਰੇ। ਦੇਸ਼ਾਂ ਦੇ ਅੱਡਰੇ ਅੱਡਰੇ ਸਾਹਿੱਤ ਵਿਚ ਜੋ ਫਰਕ ਹੈ,ਉਹ ਕੇਵਲ ਉਨ੍ਹਾਂਦੀ ਜ਼ਿੰਦਗੀ ਕਰਕੇ ਹੈ।

ਪੰਜਾਬ ਦਾ ਨੌਜਵਾਨ ਸਮੁੱਚੇ ਮਨੁਖਾਂ ਦਾ ਜੋਬਨ ਹੈ, ਉਸ ਨੂੰ ਮੇਲਿਆਂ ਵਿਚ ਮੋਢੇ ਮਾਰਨ ਤੋਂ ਬਿਨਾਂ ਸੁਆਦ ਨਹੀਂ ਔਂਦਾ, ਡਾਂਗਾਂ ਤੋਂ ਬਿਨਾਂ ਉਸ ਦੀ ਅਸਲ ਚਾਲ ਦਾ ਪਤਾ ਨਹੀਂ ਲਗਦਾ,ਬੋਲੀਆਂ ਤੇ ਵਾਜਾਂ ਉਸਦਾ ਸੰਗੀਤਹੈ।

ਉਸ ਦੇ ਜੋਬਨ ਦੀ ਲਾਲੀ ਭੱਠੀਆਂ ਉਪਰ ਮਘਦੀ ਹੈ, ਉਹ ਪਰੇ ਅੰਦਰ ਆਕੜਨਾ ਸਿਖਦਾ ਹੈ,ਉਸਦੀ ਮਚਲ ਮਾਰਨ ਦੇ ਮੁਹਾਵਰੇ ਬਣ ਨਿਕਲੇ ਹਨ'ਜਟ ਕਮਲਾ ਖੁਦਾ ਨੂੰ ਲੈ ਗਏ ਚੋਰ।' 'ਇੱਲ ਦਾ ਨਣਾਨ ਵਈਆ ਕਾਂ'

ਇਹ ਗਲ ਠੀਕ ਹੈ, ਕਿ ਰਸ ਇਸ ਜ਼ਿੰਦਗੀ ਦਾ ਫਲ ਹੈ, ਪਰ ਜਵਾਨੀ ਦਾ ਸਵਾਦ ਹਾਸ ਰਸ ਹੈ, ਜਿਉਂ ਜਿਉਂ ਲਾਲ ਬੁਲੀਆਂ ਹੁੰਦੀਆਂ ਹਨ, ਤਿਉਂ ਤਿਉਂ ਮੁਸਕਰਾਹਟ ਪੈਦਾ ਹੁੰਦੀ ਹੈ। ਜਦ ਜੋਬਨ ਅਖਾਂ ਵਿਚ

ਇਹ 'ਨੌਰੰਗ ਕਲੀਆਂ' ਭਾਵੇਂ ਦੇਖਣ ਵਿਚ ਛੋਟੀ ਜੇਹੀ ਪੁਸਤਕ ਹੈ ਪਰ 'ਨੌਰੰਗ' ਜੀ ਦੀ ਕਮਾਲ ਲੇਖਨੀ ਦੇ ਨੌਂ ਅਜਿਹੇ ਨਜ਼ਾਰੇ ਹਨ ਜਿਨ੍ਹਾਂ ਵਿਚ ਹਾਸਰਸ, ਸਾਹਿੱਤ, ਮਿਠਾਸ, ਗੁਣ, ਰਸ, ਸਵਾਦ ਤੋਂ ਬਿਨਾਂ ਸਾਡੀਆਂ ਭਾਈ-ਚਾਰਕ ਕਮਜ਼ੋਰੀਆਂ ਦੀ ਇਕ ਮੂੰਹ ਬੋਲਦੀ ਪ੍ਰਤੱਖ ਤਸਵੀਰ ਵੀ ਹੈ।

ਪਾਠਕ ਵੇਖਣਗੇ ਕਿ ਨਿਕੇ ਜੇਹੇ ਨਕ ਪਿਛੇ ਵਡੇ ਵਡੇ ਮਕਾਨ ਤ ਇਜ਼ਤਾਂ ਗਲੀਆਂ ਦੇ ਕੱਖਾਂ ਨਾਲੋਂ ਹੌਲੀਆਂ ਹੋ ਜਾਂਦੀਆਂ ਹਨ। ਪੜ੍ਹਾਕੂ ਵਹੁਟੀ ਦੀ ਬਦਨਾਮੀ ਦੇ ਨਾਲ ਇਕ ਚਮਕ ਜੇਹੀ ਕਹਿ ਜਾਵੇਗੀ, ਪੜ੍ਹੀ ਲਿਖੀ ਨੂੰ ਅਨਪੜ੍ਹ ਨਾਲ ਵਿਆਹੁਣਾ ਭੀ ਉਤਨਾ ਬੁਰਾ ਹੈ ਜਿਨਾਂ ਐਮ. ਏ. ਨੂੰ ਝੁਡੂ ਨਾਲ। ਜਿਥੇ ਸਾਡੇ ਅਜ ਕਲ ਦੀ ਨਕਲ ਉਤੇ ਮਿਠੀਆਂ ਟਕੋਰਾਂ ਲਾਈਆਂ ਹਨ, ਉਥੇ ਹੋਲੀ ਦੇ ਭੜੂਏ ਦਾ ਭੀ ਉਸੇ ਦੀ ਬੋਲੀ ਵਿਚ ਚਿਤ੍ਰ ਚਿਤ੍ਰਿਆ ਹੈ, ਪਰ ਬੜੀ ਸੁਘੜਤਾ ਨਾਲ। ਆਪੇ ਬਣੇ ਕਵੀਆਂ ਦੀ ਕਵਿਤਾ ਦੇ ਸੰਬੰਧ ਵਿਚ ਭੀ ਬਹੁਤ ਕੁਝ ਹੈ, ਪਰ ਅਖਬਾਰਾਂ ਦੇ ਅਨਪੜ੍ਹ ਮਾਲਕਾਂ ਨੂੰ ਮੜਾਸਾ ਬੰਨ੍ਹ ੨ ਕੇ ਟਿਕਾਈਆਂ ਹਨ। ਬੁਢੇ ਦੇ ਵਿਆਹ ਦੀ ਝਾਕੀ ਕਮਾਲ ਹਸਾਉਣ ਤੇ ਸਿਖਯਾ-ਦਾਇਕ ਹੈ। ਦੇਵਰ ਦਾ ਮਜ਼ਾਕ ਇਕੋ ਹੀ ਪੁਸਤਕ ਦੇ ਮੁਲ ਨਾਲੋਂ ਵਧ ਕੀਮਤੀ ਹੈ। ਸਹਾਰਨੀ ਅੰਬਾਂ ਦਾ ਸੁਆਦ ਦਿੰਦੇ ਹੋਏ ਅਖੀਰ ਸਮਾਜ ਦਾ ਜ਼ੁਲਮ ਜਿਸ ਉਪਰ ਹੋਇਆ ਉਸ ਦੀ ਮੂੰਹ ਬੋਲਦੀ ਤਸਵੀਰ ਖਿਚ ਦਿਤੀ ਗਈ ਹੈ।

ਆਉਂਦਾ ਹੈ ਤਾਂ ਹਾਸਾ ਵਖੀਆਂ ਵਿਚੋਂ ਨਿਕਲਦਾ ਹੈ, ਤਦ ਤਾਂ 'ਤੇਰੇ ਦੰਦ ਮੋਤੀਆਂ ਦੇ ਦਾਣੇ ਹਸਿਆਂ ਕਿਰ ਜਾਣਗੇ.' ਜੈਸੀਆਂ ਉਚੀਆਂ ਕਵਿਤਾਂ ਬਣ ਉਡਣ ਲਗ ਪੈਂਦੀਆਂਹਨ।

ਜੰਗਲਾਂ ਤੇ ਬਾਗਾਂ ਦਾ ਸਾਹਿੱਤ, ਦਰਿਆਵਾਂ ਚਸ਼ਮਿਆਂ ਤੇ ਪਹਾੜਾਂ ਦਾ ਸੱਚਾ ਸਾਹਿੱਤ ਉਛਲ ਉਛਲ ਕੇ ਪੈਂਦਾ ਹੈ। ਇਹ ਠੀਕ ਹੈ ਕਿ ਪੰਜਾਬ ਦਾ ਕੀ ਦੁਨੀਆਂ ਦਾ ਚੰਗਾ ਸਾਹਿੱਤ ਹਾਸ ਰਸ ਵਿਚ ਹੁੰਦਾ ਹੈ।

ਦੁਨੀਆਂ ਅਜ ਕਾਵਜ ਨੂੰ ਵਿਨੋਦ, ਅਨੰਦ, ਮੰਨਦੀ ਹੈ, ਕਈ ਤਾਂ ਦਿਲ ਪ੍ਰਚਾਵਾ ਹੀ ਸਾਹਿੱਤ ਦੀ ਉਚੀ ਸੇਵਾ ਸਮਝਦੇ ਹਨ। ਹਰ ਕੰਮਾਂ ਵਿਚ ਦੁਨੀਆਂ, ਹਸਣਾ ਲੋਚਦੀਹੈ, ਪੰਜਾਬ ਵਿਚ ਤਾਂ ਉਸੇ ਗੁਰੂ ਨੂੰ ਉਚਾ ਗੁਰੂ ਮੰਨਿਆਂ ਹੈ, ਜੋ 'ਹਸੰਦਿਆਂ,ਖੇਡੰਦਿਆਂ,ਖਾਂਦਿਆਂਪੀਂਦਿਆਂਨੂੰਮੁਕਤਕਰਦੇਵੇ।'

ਸ੍ਰਦਾਰ ਗੁਰਬਖਸ਼ ਸਿੰਘ ਜੀ "ਨੌਰੰਗ" ਪ੍ਰੋਪ੍ਰਾਈਟਰ ਤੇ ਐਡੀਟਰ ਅਖਬਾਰ 'ਪੰਜਾਬੀ ਪੰਚ' ਅੰਮ੍ਰਿਤਸਰ ਦੀ ਪੰਜਾਬੀ ਪਾਠਕਾਂ ਨਾਲ ਵਾਕਫੀਅਤ ਕਰਾਉਣੀ 'ਨੌਰੰਗ' ਜੀ ਦੀ ਸਾਹਿੱਤਕ ਮਹਿਕ ਨੂੰ ਘਟ ਕਰਨਾ ਹੈ, ਕਿਉਂਕਿ ਆਪ ਪਿਛਲੇ ਪੰਦਰਾਂ ਸਾਲਾਂ ਤੋਂ ਪੰਜਾਬੀ ਮਾਤਾ ਦੀ ਓਹ ਬੇ ਨਜ਼ੀਰ ਸਵਾ ਕਰ ਰਹੇ ਹਨ ਕਿ ਜਿਸ ਦੇ ਲਈ ਹਰ ਇਕ ਪੰਜਾਬੀ ਦੇ ਦਿਲ ਵਿਚ ਸਤਿਕਾਰ ਹੈ, ਆਪ ਜੀ ਦਾ ਲਿਖਿਆਂ ਹਰ ਤਰ੍ਹਾਂ ਦੀ ਸਾਹਿੱਤ ਮਨਾਂ ਮੂੰਹੀ ਅਖਬਾਰਾਂ ਤੇ ਰਿਸਾਲਿਆਂ ਦੀ ਸ਼ਕਲ ਵਿਚ ਪ੍ਰਕਾਸ਼ਤ ਹੋ ਚੁੱਕਾ ਹੈ,ਆਪ ਪੰਜਾਬੀ ਜ਼ਰਨਲਿਜ਼ਮ ਦੇ ਇਕਤਰ੍ਹਾਂ ਨਾਲ ਬਾਦਸ਼ਾਹ ਹਨ।

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.